## ਪਾਠ 5
## ਐੱਮ. ਐੱਸ. ਪੇਂਟ- ਭਾਗ 2

**ਪ੍ਰਸ਼ਨ 1: ਖਾਲੀ ਥਾਵਾਂ ਭਰੋ।**

ਪ੍ਰ:1. ਕਲਿੱਪ ਬੋਰਡ ਮੀਨੂੰ ਵਿੱਚ ਤਿੰਨ ਆਪਸ਼ਨਾਂ ਮੌਜੂਦ ਹੁੰਦੀਆਂ ਹਨ: Cut, Copy ਅਤੇ_________

ੳ) Paste　　ਅ) Move　　ੲ) Close　　ਸ) Zoom

ਪ੍ਰ:2. ਟੌਪ ਬਟਨ (top button) ਜਿਸ ਦੇ ਆਇਕਨ ਵਿੱਚ ਡਾਇਮਡ ਸ਼ੇਪ ਵਿੱਚ ਲਾਈਨ ਹੁੰਦੀ ਹੈ _________ ਟੂਲ ਹੁੰਦਾ ਹੈ

ੳ) ਪੇਸਟ (Paste)　　ਅ) ਕੱਟ (Cut)　　ੲ) ਕਾਪੀ (Copy)　　ਸ) ਕਰਾਪ (Crop)

ਪ੍ਰ:3. _____ ਟੂਲ ਦੀ ਵਰਤੋਂ ਪੈਂਟਾਗਨ ਡਰਾਅ ਕਰਨ ਲਈ ਕੀਤੀ ਜਾਂਦੀ ਹੈ।

ੳ) ਟਰੈਂਗਲ (Triangle)　　ਅ) ਰੈਕਟੈਂਗਲ (Rectangle)　　ੲ) ਪੈਂਟਾਗਨ (Pentagon)　　ਸ) ਹੈਕਸ਼ਾਗਨ (Hexagon)

ਪ੍ਰ:4. ਈਰੇਜ਼ਰ ਟੂਲ ਦੀ ਮਦਦ ਨਾਲ ਤਸਵੀਰ ਦੇ ਕਿਸੇ ਭਾਗ ਨੂੰ ਮੀਟਾਉਣ ਲਈ ਮਾਊਸ ਦਾ _____ ਬਟਨ ਦੱਬਿਆ ਜਾਂਦਾ ਹੈ।

ੳ) ਲੈਫਟ (Left)　　ਅ) ਰਾਈਟ (Right)　　ਅ) ਸਕਰੋਲ (Scroll)　　ੲ) ਇਹਨਾਂ ਵਿਚੋਂ ਕੋਈ ਨਹੀਂ

ਪ੍ਰ:5. ਜਦੋਂ ਮਾਉਸ ਦਾ _____ ਬਟਨ ਦੱਬਿਆ ਜਾਵੇ ਤਾਂ ਕਲਰ-2 ਦੀ ਵਰਤੋਂ ਕੀਤੀ ਜਾਂਦੀ ਹੈ।

ੳ) ਲੈਫਟ (Left)　　ਅ) ਰਾਈਟ (Right)　　ੲ) ਸਕਰੋਲ (scroll)　　ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 2: ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰ:1. ਕਿਹੜੇ ਟੂਲ ਦੀ ਵਰਤੋਂ ਡੱਬਾ (Square) ਬਨਾਉਣ ਲਈ ਕੀਤੀ ਜਾਂਦੀ ਹੈ?
ਉ: ਰੈਕਟੈਂਗਲ (Rectangle) ਟੂਲ

ਪ੍ਰ:2. ਕਿਹੜੇ ਟੂਲ ਦੀ ਵਰਤੋਂ ਤਸਵੀਰ ਦੇ ਕਿਸੇ ਭਾਗ ਨੂੰ ਮਿਟਾਉਣ (Erase) ਲਈ ਕੀਤੀ ਜਾਂਦੀ ਹੈ?
ਉ: ਈਰੇਜ਼ਰ (Eraser) ਟੂਲ

ਪ੍ਰ:3. ਕਿਹੜਾ ਟੂਲ ਸਾਨੂੰ ਤਸਵੀਰ ਨੂੰ ਵੱਡਾ ਕਰ ਦੇ ਦੇਖਣ ਵਿਚ ਮਦਦ ਕਰਦਾ ਹੈ?
ਉ: ਜ਼ੂਮ (Zoom) ਟੂਲ

ਪ੍ਰ:4. ਕਿਹੜੇ ਟੂਲ ਦੀ ਵਰਤੋਂ ਸੁਤੰਤਰ ਲਾਈਨ (free-hand) ਲਗਾਉਣ ਲਈ ਕੀਤੀ ਜਾਂਦੀ ਹੈ?
ਉ: ਪੈਂਸਿਲ (Pencil) ਟੂਲ

ਪ੍ਰ:5. ਕਿਹੜੇ ਟੂਲ ਦੀ ਵਰਤੋਂ ਸਾਡੀ ਡਰਾਇੰਗ ਵਿੱਚ ਅੱਖਰ (Text) ਸ਼ਾਮਿਲ ਕਰਨ ਲਈ ਕੀਤੀ ਜਾਂਦੀ ਹੈ?
ਉ: ਟੈਕਸਟ (Text) ਟੂਲ

**ਪ੍ਰਸ਼ਨ 3: ਛੋਟੇ ਪ੍ਰਸ਼ਨਾਂ ਵਾਲੇ ਪ੍ਰਸ਼ਨ:**




ਪ੍ਰ:1. ਕਲਿੱਪ ਬੋਰਡ ਮੀਨੂੰ ਵਿੱਚ ਕਿਹੜੀਆਂ ਕਿਹੜੀਆਂ ਆਪਸ਼ਨਾਂ ਹੁੰਦੀਆਂ ਹਨ?
ਉ: ਹੋਮ ਟੈਬ ਦੇ ਕਲਿੱਪ ਬੋਰਡ ਮੀਨੂੰ ਵਿਚ ਹੇਠਾਂ ਲਿਖੀਆਂ ਆਪਸ਼ਨਾਂ ਮੌਜੂਦ ਹੁੰਦੀਆਂ ਹਨ:

1. ਪੇਸਟ
2. ਕੱਟ
3. ਕਾਪੀ




ਪ੍ਰ:2. ਕਰੋਪ ਆਪਸ਼ਨ ਬਾਰੇ ਲਿਖੋ।
ਉ: ਇਹ ਆਪਸ਼ਨ ਹੋਮ ਟੈਬ ਦੇ ਇਮੇਜ਼ ਗਰੁੱਪ ਵਿਚ ਮੌਜੂਦ ਹੁੰਦੀ ਹੈ। ਇਸ ਦਾ ਆਇਕਨ ਡਾਇਮੰਡ ਸ਼ੇਪ ਵਿਚਕਾਰ ਲਾਈਨ ਹੈ। ਤਸਵੀਰ ਵਿਚੋਂ ਬੇਲੋੜੇ ਹਿੱਸੇ ਨੂੰ ਮਿਟਾਉਣ ਲਈ ਇਸ ਆਪਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ।




ਪ੍ਰ:3. ਟੂਲ ਮੀਨੂੰ ਵਿੱਚ ਮੌਜੂਦ ਟੂਲਜ਼ ਦੇ ਨਾਂ ਲਿਖੋ।
ਉ: ਟੂਲ ਮੀਨੂੰ ਵਿਚ ਮੌਜੂਦ ਟੂਲਜ਼ ਦੇ ਨਾਂ ਹੇਠਾਂ ਦਿਤੇ ਗਏ ਹਨ:

1. ਪੈਂਸਿਲ
2. ਫਿੱਲ ਵਿਦ ਕਲਰ
3. ਟੈਕਸਟ
4. ਮੈਗਨੀਫਾਇਰ
5. ਕਲਰ ਪਿੱਕਰ
6. ਇਰੇਜ਼ਰ




ਪ੍ਰ:4. ਸਾਈਜ਼ ਟੂਲ ਕੀ ਹੈ?
ਉ: ਇਹ ਟੂਲ ਹੋਮ ਟੈਬ ਉਪਰ ਮੌਜੂਦ ਹੁੰਦਾ ਹੈ। ਇਹ ਟੂਲ ਸਿਰਫ ਉਸ ਸਮੇਂ ਐਕਟਿਵ ਹੁੰਦਾ ਹੈ ਜਦੋਂ ਅਸੀਂ ਬੁਰਸ਼ ਜਾਂ ਸ਼ੇਪ ਟੂਲ ਦੀ ਚੋਣ ਕਰਦੇ ਹਾਂ। ਇਸ ਟੂਲ ਦੀ ਮਦਦ ਨਾਲ ਅਸੀਂ ਲਾਈਨ ਦੀ ਮੋਟਾਈ ਸੈਟ ਕਰ ਸਕਦੇ ਹਾਂ।






**ਪ੍ਰ:5. ਬੁਰਸ਼ ਬਾਰੇ ਲਿਖੋ।**
ਉ: ਬੁਰਸ਼ ਟੂਲ ਹੋਮ ਟੈਬ ਉਪਰ ਮੌਜੂਦ ਹੁੰਦਾ ਹੈ। ਇਸ ਟੂਲ ਦੀ ਮਦਦ ਨਾਲ ਅਸੀਂ ਵੱਖ-ਵੱਖ ਚੌੜਾਈਆਂ ਵਾਲੇ ਟੈਕਸਚਰਾਂ ਦੀ ਵਰਤੋਂ ਕਰਦੇ ਹੋਏ ਡਰਾਇੰਗ ਬਣਾ ਸਕਦੇ ਹਾਂ। ਪੇਂਟ ਸਾਨੂੰ 9 ਵੱਖ-ਵੱਖ ਕਿਸਮਾਂ ਦੇ ਬੁਰਸ਼ ਮੁਹਈਆ ਕਰਵਾਉਂਦਾ ਹੈ।

**ਪ੍ਰ:6. ਹੋਮ ਟੈਬ ਰਿਬਨ ਤੇ ਮੌਜੂਦ ਗਰੁੱਪਾਂ ਦੇ ਨਾਂ ਲਿਖੋ।**
ਉ: ਹੋਮ ਟੈਬ ਰਿਬਨ ਵਿਚ ਮੌਜੂਦ ਗਰੁੱਪਾਂ ਦੇ ਨਾਂ ਹੇਠਾਂ ਦਿਤੇ ਗਏ ਹਨ:
1. ਕਲਿੱਪਬੋਰਡ
2. ਇਮੇਜ
3. ਟੂਲਜ਼
4. ਸ਼ੇਪਸ
5. ਕਲਰਜ਼




## ਪ੍ਰਸ਼ਨ 4: ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1. ਐੱਮ. ਐੱਸ. ਪੇਂਟ ਦੇ ਕਲਰ ਟੂਲ ਦੀ ਵਿਆਖਿਆ ਕਰੋ।**
ਉ: ਹੋਮ ਟੈਬ ਦੇ ਕਲਰ ਗਰੁੱਪ ਦੇ ਤਿੰਨ੍ਹ ਭਾਗ ਹੁੰਦੇ ਹਨ, ਜਿਨ੍ਹਾਂ ਦੀ ਵਿਆਖਿਆ ਇਸ ਪ੍ਰਕਾਰ ਹੈ:
- **ਕਲਰ ਬਾਕਸ:** ਇਹ ਐਕਟਿਵ ਕਲਰ ਨੂੰ ਦਰਸ਼ਾਉਂਦਾ ਹੈ। ਇਸ ਵਿਚ ਦੋ ਆਪਸ਼ਨਜ਼ Color 1 ਅਤੇ Color 2 ਮੌਜੂਦ ਹੁੰਦੇ ਹਨ। Color 1 ਫਾਰਗ੍ਰਾਉਂਡ ਕਲਰ ਨੂੰ ਅਤੇ Color 2 ਬੈਕਗ੍ਰਾਉਂਡ ਕਲਰ ਨੂੰ ਦਰਸ਼ਾਉਂਦਾ ਹੈ।
- **ਕਲਰ ਪੈਲੇਟ:** ਇਹ ਵੱਖ-ਵੱਖ ਰੰਗਾਂ ਦੀ ਇਕ ਪੱਟੀ ਹੁੰਦੀ ਹੈ। ਜਿਸ ਵਿਚੋਂ ਅਸੀਂ ਆਪਣੀ ਜਰੂਰਤ ਅਨੁਸਾਰ ਡਰਾਇੰਗ ਲਈ ਕਿਸੇ ਵੀ ਰੰਗ ਦੀ ਚੋਣ ਕਰ ਸਕਦੇ ਹਾਂ।
- **ਐਡੀਟ ਕਲਰਜ਼:** ਕਲਰ ਪੈਲੇਟ ਦੀ ਨਿਚਲੀ ਪੱਟੀ ਵਿਚ ਹੋਰ ਕਲਰਜ਼ ਦਾਖਲ ਕਰਨ ਲਈ ਇਸ ਆਪਸ਼ਨ ਨੂੰ ਵਰਤਿਆ ਜਾਂਦਾ ਹੈ।




**ਪ੍ਰ:2. ਟੈਕਸਟ ਟੂਲ ਕੀ ਹੁੰਦਾ ਹੈ। ਟੈਕਸਟ ਨੂੰ ਫਾਰਮੈਟ ਕਿਵੇਂ ਕੀਤਾ ਜਾਂਦਾ ਹੈ?**
ਉ: ਟੈਕਸਟ ਟੂਲ, ਟੂਲਜ਼ ਗਰੁੱਪ ਦਾ ਮਹੱਤਵਪੂਰਣ ਟੂਲ ਹੈ। ਇਸਦੀ ਵਰਤੋਂ ਡਰਾਇੰਗ ਵਿਚ ਟੈਕਸਟ ਦਾਖਲ ਕਰਨ ਲਈ ਕੀਤੀ ਜਾਂਦੀ ਹੈ। ਪੇਂਟ ਵਿਚ ਜਦੋਂ ਅਸੀਂ ਇਸ ਟੂਲ ਨਾਲ ਕੰਮ ਕਰਦੇ ਹਾਂ ਤਾਂ ਇਕ ਨਵਾਂ ਟੈਬ Text Tab ਨਜ਼ਰ ਆਵੇਗਾ। ਇਸ ਟੈਬ ਵਿਚ ਮੋਜੂਦ ਟੂਲਜ਼ ਦੀ ਮਦਦ ਨਾਲ ਟੈਕਸਟ ਨੂੰ ਆਸਾਨੀ ਨਾਲ ਫਾਰਮੇਟ ਕੀਤਾ ਜਾ ਸਕਦਾ ਹੈ। ਜਿਵੇਂ ਕਿ:
- ਟੈਕਸਟ ਦਾ ਫੌਂਟ ਬਦਲਿਆ ਜਾ ਸਕਦਾ ਹੈ।
- ਟੈਕਸਟ ਦੇ ਫੌਂਟ ਦਾ ਸਾਈਜ਼ ਬਦਲ ਸਕਦੇ ਹਾਂ।
- ਟੈਕਸਟ ਦਾ ਸਟਾਈਲ – ਬੋਲਡ, ਇਟੈਲਿੱਕ, ਅੰਡਰਲਾਈਨ ਅਤੇ ਸਟ੍ਰਾਈਕਥਰੋ ਸੈਟ ਕੀਤਾ ਜਾ ਸਕਦਾ ਹੈ।

